ਸੁਣਵਾਈ ਦੇ ਦੌਰਾਨ

ਜੇਕਰ ਆਪਣੀ ਸੁਣਵਾਈ ਤੋਂ ਪਹਿਲਾਂ ਤੁਸੀਂ ਰਾਜਕੀ ਸੁਣਵਾਈ ਡਿਵਿਜ਼ਨ ਨੂੰ ਸੂਚਤ ਕੀਤਾ ਹੈ ਕਿ ਤੁਹਾਨੂੰ ਭਾਸ਼ਾ ਸਬੰਧੀ ਸੇਵਾਵਾਂ ਦੀ ਲੋੜ ਹੈ, ਤਾਂ ਤੁਹਾਡੀ ਅਤੇ ਦੂਜੇ ਭਾਗੀਦਾਰਾਂ ਦੀ ਮਦਦ ਕਰਨ ਲਈ ਤੁਹਾਡੀ ਸੁਣਵਾਈ 'ਤੇ ਇੱਕ ਰਾਜਕੀ-ਮਨਜ਼ੂਰਸ਼ੁਦਾ ਦੁਭਾਸ਼ੀਆ ਮੌਜੂਦ ਹੋਵੇਗਾ। ਤੁਹਾਨੂੰ ਸੁਣਵਾਈ 'ਚ ਆਪਣਾ ਬੇਹਤਰੀਨ ਦਾਵਾ ਪੇਸ਼ ਕਰਨ ਲਈ ਤਿਆਰ ਹੋਣਾ ਪਵੇਗਾ। ਤੁਹਾਡੇ ਕੋਲ ਐੱਡਮਿਨਿਸਟ੍ਰੇਟਿਵ ਲ੉ ਜੱਜ ਨੂੰ ਇਹ ਦੱਸਣ ਦਾ ਮੌਕਾ ਹੋਵੇਗਾ ਕਿ ਕਾਉਂਟੀ ਦੀ ਕਾਰਵਾਈ ਤੋਂ ਤੁਸੀਂ ਕਿਉਂ ਅਸਹਿਮਤ ਹੋ ਅਤੇ ਕਾਉਂਟੀ ਦੇ ਨੁਮਾਇੰਦੇ ਕੋਲ ਇਹ ਦੱਸਣ ਦਾ ਮੌਕਾ ਹੋਵੇਗਾ ਕਿ ਕਾਰਵਾਈ ਕਿਉਂ ਕੀਤੀ ਗਈ ਸੀ। ਇਹ ਪ੍ਰਮਾਣਤ ਕਰਨਾ ਕਾਉਂਟੀ 'ਤੇ ਨਿਰਭਰ ਕਰਦਾ ਹੈ ਕਿ ਕਾਰਵਾਈ ਸਹੀ ਹੈ। ਤੁਸੀਂ ਅਤੇ ਕਾਉਂਟੀ ਦਾ ਨੁਮਾਇੰਦਾ ਇੱਕ ਦੂਜੇ ਤੋਂ ਅਤੇ ਕਿਸੇ ਹਾਜ਼ਰ ਗਵਾਹ ਤੋਂ ਸਵਾਲ ਪੁਚ੍ਛ ਸਕਦੇ ਹੋ। ਤਤ੍ਥ ਸਾਮ੍ਹਣੇ ਲਿਆਉਣ ਲਈ ਐੱਡਮਿਨਿਸਟ੍ਰੇਟਿਵ ਲ੉ ਜੱਜ ਵੀ ਸਵਾਲ ਪੁਚ੍ਛ ਸਕਦਾ ਹੈ।

ਰਾਜਕੀ ਕਨੂੰਨ ਦੇ ਮੁਤਾਬਕ ਸਭ ਸੁਣਵਾਈਆਂ ਦੀ ਟੇਪ ਰਿਕਾਰਡਿੰਗ ਕੀਤੀ ਜਾਣੀ ਚਾਹੀਦੀ ਹੈ। ਇਹ ਰਿਕਾਰਡਿੰਗ ਫ਼ੈਸਲਾ ਲੈਣ 'ਚ ਵਰਤੀ ਜਾਂਦੀ ਹੈ ਅਤੇ ਫ਼ੈਸਲੇ ਬਾਰੇ ਕੋਈ ਵਿਵਾਦ ਹੋਣ ਦੀ ਸਥਿਤੀ ਲਈ ਰਕ੍ਖੀ ਜਾਂਦੀ ਹੈ।

ਫ਼ੈਸਲਾ

ਸੁਣਵਾਈ ਪੂਰੀ ਹੋਣ ਤੋਂ ਬਾਅਦ, ਐੱਡਮਿਨਿਸਟ੍ਰੇਟਿਵ ਲ੉ ਜੱਜ ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼ ਜਾਂ ਹੈੱਲਥ ਸਰਵਿਸਿਜ਼ ਦੇ ਡਾਇਰੈੱਕਟਰ ਨੂੰ ਇੱਕ ਪਰਸਤਾਵਤ ਫ਼ੈਸਲਾ ਭੇਜੇਗਾ ਜਾਂ ਡਾਇਰੈੱਕਟਰ ਵੱਲੋਂ ਅੰਤਮ ਫ਼ੈਸਲਾ ਸੁਣਾਏਗਾ। ਜੇਕਰ ਡਾਇਰੈੱਕਟਰ ਨੂੰ ਪਰਸਤਾਵਤ ਫ਼ੈਸਲਾ ਭੇਜਿਆ ਜਾਂਦਾ ਹੈ, ਤਾਂ ਸੁਣਵਾਈ ਦੇ ਦੌਰਾਨ ਪੇਸ਼ ਕੀਤੇ ਗਏ ਤੱਥਾਂ ਦਾ ਅਧਿਐਨ ਕੀਤਾ ਜਾਵੇਗਾ ਅਤੇ ਡਾਇਰੈੱਕਟਰ ਪਰਸਤਾਵਤ ਫ਼ੈਸਲੇ ਨੂੰ ਮਨਜ਼ੂਰ ਕਰ ਸਕਦਾ/ਸਕਦੀ ਹੈ, ਅਗੇਤਰੀ ਸੁਣਵਾਈ ਦਾ ਹੁਕਮ ਦੇ ਸਕਦਾ/ਸਕਦੀ ਹੈ, ਜਾਂ ਆਪਣਾ ਫ਼ੈਸਲਾ ਸੁਣਾ ਸਕਦਾ/ਸਕਦੀ ਹੈ। ਡਾਇਰੈੱਕਟਰ ਦੁਆਰਾ ਆਪਣਾ ਫ਼ੈਸਲਾ ਸੁਣਾਉਣ 'ਤੇ, ਉਹ ਫ਼ੈਸਲਾ ਮੰਨਣਯੋਗ ਹੋਵੇਗਾ, ਪਰ ਤੁਹਾਨੂੰ ਐੱਡਮਿਨਿਸਟ੍ਰੇਟਿਵ ਲ੉ ਜੱਜ ਦੇ ਮੂਲ ਪਰਸਤਾਵਤ ਫ਼ੈਸਲੇ ਦੀ ਨਕਲ ਭੇਜੀ ਜਾਵੇਗੀ। ਫ਼ੈਸਲਾ ਆਉਣ ਤੋਂ ਝੌਰਨ ਬਾਅਦ, ਕਾਉਂਟੀ ਨੂੰ ਫ਼ੈਸਲੇ ਦੀ ਪਾਲਣਾ ਕਰਨੀ ਪਵੇਗੀ ਭਾਵੇਂ ਇੱਕ ਮੁੜ-ਸੁਣਵਾਈ ਲਈ ਬੇਨਤੀ ਕੀਤੀ ਗਈ ਹੋਵੇ। ਜੇਕਰ ਫ਼ੈਸਲਾ ਇੱਕ ਨਾਮਨਜ਼ੂਰੀ ਹੈ, ਤਾਂ ਤੁਹਾਨੂੰ ਪ੍ਰਾਪਤ ਹੋ ਰਹੀ ਕੋਈ ਲੰਬਤ ਸਹਾਇਤਾ ਬੰਦ ਹੋ ਜਾਵੇਗੀ। ਇਸਤੋਂ ਇਲਾਵਾ, ਕਾਉਂਟੀ ਲੰਬਤ ਸਹਾਇਤਾ ਦੇ ਤੌਰ 'ਤੇ ਭੁਗਤਾਨ ਕੀਤੀ ਗਈ ਵਾਧੂ ਨਕਦ ਸਹਾਇਤਾ ਜਾਂ ਫ਼ੂਡ ਸਟੈਂਪਸ ਦੀ ਵਾਪਸੀ ਦੀ ਮੰਗ ਕਰ ਸਕਦੀ ਹੈ। ਜੇਕਰ ਤੁਸੀਂ ਫ਼ੈਸਲੇ ਤੋਂ ਅਸਹਿਮਤ ਹੋ, ਤਾਂ ਤੁਸੀਂ ਰਾਜਕੀ ਸੁਣਵਾਈ ਦੇ ਪ੍ਰਾਪਤ ਹੋਏ ਫ਼ੈਸਲੇ ਦੇ ਪਹਿਲੇ ਪੰਨੇ 'ਤੇ ਮੌਜੂਦ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਮੁੜ-ਸੁਣਵਾਈ ਲਈ ਬੇਨਤੀ ਕਰ ਸਕਦੇ ਹੋ।

ਜੇਕਰ ਕੋਈ ਫ਼ੈਸਲਾ ਪ੍ਰਾਪਤ ਹੋਣ ਜਾਂ ਕਿਸੇ ਫ਼ੈਸਲੇ ਦੀ ਮੁੜ-ਸੁਣਵਾਈ ਨਾਲ ਤੁਸੀਂ ਅਸਹਿਮਤ ਹੋਵੋ, ਤਾਂ ਤੁਸੀਂ ਸੁਪੀਰਿਅਰ ਕੋਰਟ 'ਚ ਅਪੀਲ ਕਰ ਕੇ ਅਦਾਲਤੀ ਸਮੀਖਿਆ ਦੀ ਮੰਗ ਕਰ ਸਕਦੇ ਹੋ। ਡਾਇਰੈੱਕਟਰ ਦਾ ਅੰਤਮ ਫ਼ੈਸਲਾ ਪ੍ਰਾਪਤ ਹੋਣ ਤੋਂ ਬਾਅਦ ਇੱਕ ਸਾਲ ਦੇ ਅੰਦਰ ਅਦਾਲਤ 'ਚ ਅਦਾਲਤੀ ਸਮੀਖਿਆ ਲਈ ਬੇਨਤੀ ਦਾਖਲ ਕੀਤੀ ਜਾਣੀ ਚਾਹੀਦੀ ਹੈ।

ਰਾਜਕੀ ਸੁਣਵਾਈ ਤੋਂ ਪਿਚ੍ਛਲੇ ਹੱਟਣਾ

ਡਾਇਰੈੱਕਟਰ ਦੁਆਰਾ ਫ਼ੈਸਲਾ ਸੁਣਾਉਣ ਤੋਂ ਪਹਿਲਾਂ ਤੁਸੀਂ ਕਿਸੇ ਵੀ ਸਮੇਂ ਸੈਕ੍ਰਮੈਂਟੋ 'ਚ ਰਾਜਕੀ ਸੁਣਵਾਈ ਡਿਵਿਜ਼ਨ ਨੂੰ ਲਿਕ੍ਖਤ ਬੇਨਤੀ ਭੇਜ ਕੇ ਰਾਜਕੀ ਸੁਣਵਾਈ ਲਈ ਆਪਣੀ ਬੇਨਤੀ ਵਾਪਸ ਲੈ (ਰੱਦ ਕਰ) ਸਕਦੇ ਹੋ। ਜੇਕਰ ਤੁਸੀਂ ਸੁਣਵਾਈ ਤੋਂ ਪਹਿਲਾਂ ਛੱਡਦੇ ਹੋ, ਤਾਂ ਉਹ ਰੱਦ ਕਰ ਦਿੱਤੀ ਜਾਵੇਗੀ। ਜੇਕਰ ਤੁਸੀਂ ਸੁਣਵਾਈ ਤੋਂ ਬਾਅਦ ਛੱਡਦੇ ਹੋ, ਤਾਂ ਕੋਈ ਫ਼ੈਸਲਾ ਨਹੀਂ ਸੁਣਾਇਆ ਜਾਵੇਗਾ। ਦੋਵੇਂ ਹਾਲਾਤਾਂ 'ਚ, ਕਾਉਂਟੀ ਦੀ ਕਾਰਵਾਈ ਲਾਗੂ ਹੋਵੇਗੀ। ਜੇਕਰ ਤੁਹਾਨੂੰ ਸੁਣਵਾਈ ਲਈ ਬੇਨਤੀ ਨਾ ਕਰਨ 'ਤੇ ਆਪਣੇ ਪਦ੍ਧਰ ਤੋਂ ਵੱਧ ਕਿਸੇ ਪਦ੍ਧਰ 'ਤੇ ਸਹਾਇਤਾ ਪ੍ਰਾਪਤ ਹੋਈ ਹੈ, ਅਤੇ ਬਾਅਦ 'ਚ ਫ਼ੈਸਲਾ ਸੁਣਾਏ ਜਾਣ ਤੋਂ ਪਹਿਲਾਂ ਤੁਸੀਂ ਛੱਡ ਦਿੰਦੇ ਹੋ, ਤਾਂ ਕਾਉਂਟੀ ਨੂੰ ਨਕਦ ਸਹਾਇਤਾ ਜਾਂ ਫ਼ੂਡ ਸਟੈਂਪਸ ਦੀ ਵਾਧੂ ਭੁਗਤਾਨ ਕੀਤੀ ਗਈ ਰਕਮ ਦੀ ਵਾਪਸੀ ਦੀ ਮੰਗ ਕਰਨ ਦਾ ਅਧਿਕਾਰ ਹੈ। ਇਸਦਾ ਨਤੀਜਾ ਕਾਉਂਟੀ ਦੀ ਕਾਰਵਾਈ ਦੇ ਸਮਰਥਨ 'ਚ ਇੱਕ ਲਿਕ੍ਖਤ ਫ਼ੈਸਲੇ ਵਾਂਗ ਹੀ ਹੋਵੇਗਾ।

ਰਿਕਾਰਡ ਮਹੱਤਵਪੂਰਨ ਹਨ

ਹਰ ਸੁਣਵਾਈ ਵਕ੍ਖਰੀ ਹੁੰਦੀ ਹੈ। ਐੱਡਮਿਨਿਸਟ੍ਰੇਟਿਵ ਲ੉ ਜੱਜ ਨੂੰ ਤਤ੍ਥਾਂ ਦੀ ਜਾਣਕਾਰੀ ਦੇਣ ਵਾਲੇ ਦਸਤਾਵੇਜ਼ ਜਾਂ ਰਿਕਾਰਡ ਵੇਖਣ ਅਤੇ ਤੁਹਾਡੇ ਦਾਵਾਵੇ ਦੇ ਸਬੰਧ 'ਚ ਪ੍ਰਮਾਣੀਕਰਨ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਤੁਹਾਨੂੰ ਸੁਣਵਾਈ 'ਚ ਇਹੋ ਜਿਹੇ ਕਿਸੇ ਤਤ੍ਥ ਨੂੰ ਸਹੀ ਜਾਂ ਗਲਤ ਸਾਬਤ ਕਰਨ ਵਾਲੇ ਰਿਕਾਰਡ ਲਿਆਉਣੇ ਚਾਹੀਦੇ ਹਨ ਜਿਸ 'ਤੇ ਤੁਸੀਂ ਅਤੇ ਕਾਉਂਟੀ ਅਹਿਸਤ ਹੋ। ਅਕਸਰ ਕਿਸੇ ਦਾਵਵੇ ਦਾ ਉੱਚਿਤ ਢੰਗ ਨਾਲ ਸਮਾਧਾਨ ਕਰਨ ਲਈ ਕਿਸੇ ਖਾਸ ਵਿਵਾਦਤ ਮੁੱਦੇ ਨਾਲ ਸਬੰਧਤ ਰਿਕਾਰਡਾਂ ਦੀ ਲੋੜ ਹੁੰਦੀ ਹੈ। ਉਦਾਹਰਨ ਹਨ:

- ਅਚੱਲ ਸੰਪੱਤੀ ਨਾਲ ਸਬੰਧਤ ਰਿਕਾਰਡ, ਜਿਵੇਂ ਟੈਕਸ ਦੀਆਂ ਰਸੀਦਾਂ, ਦਸਤਾਵੇਜ਼, ਇਕਰਾਰਨਾਮੇ ਅਤੇ ਗਿਰਵੀਨਾਮੇ।
- ਨਿੱਜੀ ਸੰਪੱਤੀ ਨਾਲ ਸਬੰਧਤ ਰਿਕਾਰਡ, ਜਿਵੇਂ ਬੈਂਕ ਬੁੱਕਸ, ਬੀਮਾ ਪਾਲਸੀਆਂ, ਵਾਹਨ ਦੀ ਮਲਕੀਅਤ ਸਬੰਧੀ ਦਸਤਾਵੇਜ਼, ਸ਼ੇਅਰ, ਬੌਂਡ, ਨੋਟਸ ਅਤੇ ਇਕਰਾਰਨਾਮੇ।
- ਅਪਾਹਜਤਾ ਸਬੰਧੀ ਰਿਕਾਰਡ, ਜਿਵੇਂ ਚਿਕਿਤਸੀ ਰਿਪੋਰਟਾਂ, ਹਸਪਤਾਲ ਦੇ ਰਿਕਾਰਡ, ਜਾਂ ਡਾਕਟਰ ਦੇ ਪਰਚੇ।
- ਤੁਹਾਨੂੰ ਪ੍ਰਾਪਤ ਹੋਣ ਵਾਲੀ ਰਕਮ ਨਾਲ ਸਬੰਧਤ ਰਿਕਾਰਡ, ਜਿਵੇਂ: ਮਿਹਨਤਾਨੇ ਦੇ ਪ੍ਰਤੀਪੰਨੇ; ਤੁਹਾਨੂੰ ਸੋਸ਼ਲ ਸਿੱਕਯੁਰਟੀ ਤੋਂ ਪ੍ਰਾਪਤ ਹੋਣ ਵਾਲੀ ਰਕਮ ਦਰਸ਼ਾਉਣ ਵਾਲੇ ਸਪੁਰਦਗੀ ਪੱਤਰ; ਬੇਰੁਜ਼ਗਾਰੀ ਬੀਮਾ; ਸਾਬਕਾ ਫ਼ੌਜੀਆਂ ਲਈ ਫ਼ਾਇਦੇ; ਅਦਾਲਤੀ ਫ਼ੈਸਲੇ ਦੇ ਮੁਤਾਬਕ ਪਾਲਣ ਪੋਸਣ ਲਈ ਭੁਗਤਾਨ; ਵਿਦਿਆਰਥੀ ਵਿੱਤੀ ਸਹਾਇਤਾ; ਸੰਪੱਤੀ ਦਾ ਕਿਰਾਇਆ; ਬੋਰਡਰਸ; ਰੂਮਰਸ; ਸ਼ੇਅਰ; ਬੌਂਡ; ਜਾਂ, ਤੋਹਫ਼ਿਆਂ ਸਮੇਤ, ਤੁਹਾਡੇ ਵੱਲੋਂ ਕੀਤੇ ਗਏ ਭੁਗਤਾਨ, ਆਦਿ।
- ਤੁਹਾਡੇ ਦੁਆਰਾ ਰਿਹਾਇਸ਼, ਉਪਯੋਗੀ ਸੇਵਾਵਾਂ (ਟੈਲੀਫ਼ੋਨ ਸਮੇਤ), ਚਿਕਿਤਸੀ ਦੇਖਭਾਲ (ਸਿਹਤ ਬੀਮਾ ਅਤੇ ਚਿਕਿਤਸੀ ਯਾਤਾਯਾਤ ਸਮੇਤ), ਯੂਨੀਅਨ ਵੱਲ ਬਕਾਇਆ ਰਕਮ, ਸੇਵਾਦਾਰ ਅਤੇ ਬਾਲ ਦੇਖਭਾਲ, ਸਕੂਲੀ ਸਿਕ੍ਖਿਆ ਅਤੇ ਸ਼ੁਲਕ, ਬਿਪਤਾ ਅਤੇ ਦੁਰਘਟਨਾ ਕਰਕੇ ਨੁਕਸਾਨ।

ਭੇਦ ਭਾਵ

ਰਾਜਕੀ ਕਨੂੰਨ ਹੇਠ, ਸੰਭਾਵੀ ਤੌਰ 'ਤੇ ਕਲਿਆਣ ਏਜੰਸੀਆਂ ਕਿਸੇ ਵਿਅਕਤੀ ਜਾਂ ਸਮੂਹ ਨੂੰ, ਨਸਲ, ਰੰਗ, ਰਾਸ਼ਟਰੀ ਮੂਲ, ਉਮਰ, ਅਪਾਹਜਤਾ, ਧਰਮ, ਲਿੰਗ, ਲਿੰਗੀ ਪਰਿਚੈ, ਰਾਜਨੀਤਕ ਵਿਚਾਰਾਂ ਜਾਂ ਵਿਵਾਹਕ ਸਥਿਤੀ ਦੇ ਅਧਾਰ 'ਤੇ, ਦੂਜਿਆਂ ਨੂੰ ਮੁਹੱਈਆ ਕੀਤੀ ਜਾਣ ਵਾਲੀ ਸਹਾਇਤਾ, ਫ਼ਾਇਦਿਆਂ ਜਾਂ ਸੇਵਾਵਾਂ ਤੋਂ ਵੱਖਰੇ ਸਹਾਇਤਾ, ਫ਼ਾਇਦੇ ਜਾਂ ਸੇਵਾਵਾਂ ਮੁਹੱਈਆ ਨਾ ਕਰਨ। ਸੰਘੀ ਕਨੂੰਨਾਂ ਹੇਠ ਵੀ ਉੱਪਰ ਦਿੱਤੇ ਗਏ ਕਈ, ਹਾਲਾਂਕਿ ਸਭ ਨਹੀਂ, ਅਧਾਰਾਂ 'ਤੇ ਭੇਦ ਭਾਵ ਵਰਜਤ ਹੈ।

ਸੰਘੀ ਕਨੂੰਨ ਹੇਠ ਇਹ ਵਰਜਤ ਹਨ: (1) ਦੱਤਕ ਜਾਂ ਪਾਲਕ ਮਾਤਾ/ਪਿਤਾ ਦੀ ਨਸਲ, ਰੰਗ, ਜਾਂ ਰਾਸ਼ਟਰੀ ਮੂਲ ਦੇ ਅਧਾਰ 'ਤੇ ਕਿਸੇ ਬੱਚੇ ਨੂੰ ਗੋਦ ਲਏ ਜਾਣ ਜਾਂ ਪਾਲਣ ਪੋਸਣ ਸਬੰਧੀ ਦੇਖਭਾਲ ਲਈ ਨੀਯਤ ਕਰਨ 'ਚ ਦੇਰ ਕਰਨਾ ਜਾਂ ਉਸਤੋਂ ਇਨਕਾਰ ਕਰਨਾ; (2) ਸਬੰਧਤ ਵਿਅਕਤੀ ਜਾਂ ਬੱਚੇ ਦੀ ਨਸਲ, ਰੰਗ, ਜਾਂ ਰਾਸ਼ਟਰੀ ਮੂਲ ਦੇ ਅਧਾਰ 'ਤੇ ਕਿਸੇ ਵਿਅਕਤੀ ਨੂੰ ਦੱਤਕ ਜਾਂ ਪਾਲਕ ਮਾਤਾ/ਪਿਤਾ ਬਣਨ ਦਾ ਮੌਕਾ ਦੇਣ ਤੋਂ ਇਨਕਾਰ ਕਰਨਾ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਕਲਿਆਣ ਏਜੰਸੀ ਦੁਆਰਾ ਤੁਹਾਡੇ ਨਾਲ ਭੇਦ ਭਾਵ ਕੀਤਾ ਗਿਆ ਹੈ, ਤਾਂ ਤੁਸੀਂ ਇਨ੍ਹਾਂ 'ਚੋਂ ਕੋਈ ਕਦਮ ਚੁੱਕ ਸਕਦੇ ਹੋ:

1. ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ ਦੇ ਨਾਗਰਕ ਅਧਿਕਾਰ ਨੁਮਾਇੰਦੇ ਨਾਲ ਗੱਲ ਕਰੋ। ਕਾਉਂਟੀ ਸ਼ਿਕਾਇਤ ਦੀ ਪੜਚੋਲ ਕਰੇਗੀ ਅਤੇ ਉਸਦੇ ਨਤੀਜੇ ਬਾਰੇ ਤੁਹਾਨੂੰ ਸੂਚਤ ਕਰੇਗੀ।
2. ਤੁਸੀਂ ਇਤ੍ਥੇ ਈ-ਮੇਲ, ਲਿਕ੍ਖਤ ਰੂਪ 'ਚ ਜਾਂ ਫ਼ੋਨ ਕਰ ਕੇ ਸੀ.ਡੀ.ਐੱਸ.ਐੱਸ. ਕੋਲ ਭੇਦ ਭਾਵ ਦੀ ਸ਼ਿਕਾਇਤ ਦਰਜ ਕਰ ਸਕਦੇ ਹੋ:

   California Department of Social Services
   Civil Rights Bureau (CRB)
   P.O. Box 944243, M.S. 15-70
   Sacramento, CA 94244-2430
   'ਤੇ ਫ਼ੋਨ ਕਰੋ ਜਾਂ (916) 654-2107 'ਤੇ ਮੁਫ਼ਤ ਫ਼ੋਨ ਕਰੋ 1-866-741-6241
   ਈ-ਮੇਲ: crb@dss.ca.gov

   ਟੀ.ਡੀ.ਡੀ./ਟੀ.ਟੀ.ਵਾਈ. ਦੇ ਉਪਯੋਗਕਰਤਾ ਸਿਦ੍ਧਾ (916) 654-2098 ਫ਼ੋਨ ਕਰ ਸਕਦੇ ਹਨ ਜਾਂ (800) 688-4486 'ਤੇ ਫ਼ੋਨ ਕਰ ਕੇ ਪ੍ਰਾਪਤ ਕਰ ਸਕਦੇ ਹਨ ਜਾਂ ਤੁਸੀਂ ਕੈਲੀਫ਼ੋਰਨੀਆ ਰਿਲੇ ਸਰਵਿਸ ਆੱਪਰੇਟਰ ਰਾਹੀਂ (800) 735-2929 'ਤੇ ਫ਼ੋਨ ਕਰ ਸਕਦੇ ਹੋ।
3. ਜੇਕਰ ਤੁਹਾਡੀ ਸ਼ਿਕਾਇਤ 'ਚ ਫ਼ੂਡ ਸਟੈਂਪ ਪ੍ਰੋਗ੍ਰਾਮ ਸ਼ਾਮਲ ਹੈ, ਤਾਂ ਤੁਸੀਂ ਇਤ੍ਥੇ ਇੱਕ ਭੇਦ ਭਾਵ ਸਬੰਧੀ ਸੰਘੀ ਸ਼ਿਕਾਇਤ ਦਰਜ ਕਰ ਸਕਦੇ ਹੋ:

   USDA, Director
   Office for Civil Rights
   Room 326-W, Whitten Building
   14th and Independence Avenue, SW
   Washington, D.C. 20250-9410
   1-800-795-3272 (voz)
   (TTY)202-720-6382
4. ਜੇਕਰ ਤੁਹਾਡੀ ਸ਼ਿਕਾਇਤ 'ਚ ਫ਼ੂਡ ਸਟੈਂਪਸ ਤੋਂ ਇਲਾਵਾ ਕੋਈ ਹੋਰ ਸਹਾਇਤਾ ਕਾਰਜਕ੍ਰਮ ਸ਼ਾਮਲ ਹਨ, ਅਤੇ ਜੇਕਰ ਤੁਹਾਨੂੰ ਲੱਗਦਾ ਹੈ ਕਿ ਭੇਦ ਭਾਵ ਸਬੰਧੀ ਕਥਤ ਕਾਰਵਾਈ ਨਸਲ, ਰੰਗ, ਰਾਸ਼ਟਰੀ ਮੂਲ, ਉਮਰ, ਜਾਂ ਅਪਾਹਜਤਾ 'ਤੇ ਅਧਾਰਤ ਸੀ, ਤਾਂ ਤੁਸੀਂ ਇਤ੍ਥੇ ਇੱਕ ਭੇਦ ਭਾਵ ਸਬੰਧੀ ਸੰਘੀ ਸ਼ਿਕਾਇਤ ਦਰਜ ਕਰ ਸਕਦੇ ਹੋ:

   U.S. Department of Health and Human Services
   Office for Civil Rights
   50 United Nations Plaza, Room 322
   San Francisco, CA 94102
   1-800-368-1019

ਕਥਤ ਭੇਦ ਭਾਵ ਹੋਣ ਤੋਂ ਬਾਅਦ 180 ਦਿਨਾਂ ਦੇ ਅੰਦਰ ਸ਼ਿਕਾਇਤ ਦਰਜ ਕਰਵਾਈ ਜਾਣੀ ਚਾਹੀਦੀ ਹੈ। ਆਪਣੀ ਸ਼ਿਕਾਇਤ 'ਚ, ਭੇਦ ਭਾਵ ਦਾ ਅਧਾਰ (ਜਿਵੇਂ, ਨਸਲ, ਅਪਾਹਜਤਾ, ਲਿੰਗ), ਕੀ ਹੋਇਆ ਸੀ, ਤੁਹਾਡੇ ਮੁਤਾਬਕ ਕਾਰਵਾਈ ਕਿਉਂ ਕੀਤੀ ਗਈ ਸੀ, ਅਤੇ ਜਿਸ ਸਮਾਧਾਨ ਦੀ ਮੰਗ ਤੁਸੀਂ ਕਰ ਰਹੇ ਹੋ, ਉਹ ਲਿਕ੍ਖੋ।

ਜੇਕਰ ਭੇਦ ਭਾਵ ਸਬੰਧੀ ਆਪਣੀ ਸ਼ਿਕਾਇਤ 'ਤੇ ਤੁਸੀਂ ਕਾਉਂਟੀ ਦੇ ਫ਼ੈਸਲੇ ਤੋਂ ਸਹਿਮਤ ਨਹੀਂ ਹੋ, ਤਾਂ ਤੁਸੀਂ ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼ ਜਾਂ, ਉਸ 'ਚ ਫ਼ੂਡ ਸਟੈਂਪ ਪ੍ਰੋਗ੍ਰਾਮ ਸ਼ਾਮਲ ਹੋਣ 'ਤੇ, ਯੂ.ਐੱਸ. ਡਿਪਾਰਟਮੈਂਟ ਆੱਫ਼ ਐੱਗਰੀਕਲਚਰ 'ਚ ਅਪੀਲ ਕਰ ਸਕਦੇ ਹੋ। ਭੇਦ ਭਾਵ ਸਬੰਧੀ ਸ਼ਿਕਾਇਤ ਦੀ ਪਰਕਿਰਿਆ ਰਾਜਕੀ ਸੁਣਵਾਈ ਪਰਕਿਰਿਆ ਤੋਂ ਵਕ੍ਖਰੀ ਹੁੰਦੀ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕਾਉਂਟੀ ਨੇ ਤੁਹਾਡੇ ਫ਼ਾਇਦਿਆਂ ਬਾਰੇ ਕੋਈ ਗਲਤ ਫ਼ੈਸਲਾ ਲਿਆ ਸੀ ਤਾਂ ਭੇਦ ਭਾਵ ਸਬੰਧੀ ਸ਼ਿਕਾਇਤ ਦਰਜ ਕਰਨ ਤੋਂ ਇਲਾਵਾ ਤੁਸੀਂ ਇੱਕ ਰਾਜਕੀ ਸੁਣਵਾਈ ਦੀ ਮੰਗ ਕਰ ਸਕਦੇ ਹੋ।

ਨਤੀਜਤਨ

ਜੇਕਰ ਇਸ ਪੱਤਰ 'ਚ ਮੌਜੂਦ ਜਾਣਕਾਰੀ ਬਾਰੇ ਤੁਹਾਡੇ ਕੋਈ ਸਵਾਲ ਹਨ – ਤੁਹਾਡੇ ਅਧਿਕਾਰ ਜਾਂ ਆਪਣੇ ਅਧਿਕਾਰਾਂ ਦੀ ਉਅੰਘਣਾ ਮਹਿਸੂਸ ਹੋਣ 'ਤੇ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ – ਤਾਂ ਆਪਣੇ ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ 'ਚ ਕਿਸੇ ਵਿਅਕਤੀ ਨੂੰ ਪੁਚ੍ਛੋ ਜਾਂ ਪਬਲਿਕ ਇਨਕੁਆਇਰੀ ਐਂਡ ਰਿਸਪੌਂਸ, ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼, 'ਚ ਕਿਸੇ ਵਿਅਕਤੀ ਨਾਲ ਗੱਲ ਕਰੋ।

ਅਤੇ, ਉਹ ਲਿਕ੍ਖਤ ਜਾਣਕਾਰੀ ਪ੍ਰਾਪਤ ਕਰਨਾ ਮਦਦਗਾਰ ਹੋ ਸਕਦਾ ਹੈ ਜੋ ਤੁਹਾਡੇ ਦੁਆਰਾ ਬੇਨਤੀ ਕੀਤੀ ਜਾ ਰਹੀ ਜਾਂ ਤੁਹਾਨੂੰ ਪ੍ਰਾਪਤ ਹੋ ਰਹੀ ਜਨਤੱਕ ਸਹਾਇਤਾ ਦਾ ਬਿਓਰਾ ਦਿੰਦੀ ਹੈ। ਇਹ ਤੁਹਾਡੇ ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ 'ਚ ਉਲਪਬਧ ਹੁੰਦੀ ਹੈ। ਜੇਕਰ ਤੁਹਾਨੂੰ ਇਸ ਕਾਰਜਕ੍ਰਮ ਦਾ ਇਸ਼ਤਿਹਾਰ ਪੇਸ਼ ਨਾ ਕੀਤਾ ਜਾਵੇ, ਤਾਂ ਉਸਦੀ ਮੰਗ ਕਰੋ। **ਤੁਹਾਡੇ ਨਾਲ ਨਿਰਪਕ੍ਖ ਵਿਹਾਰ ਕੀਤਾ ਜਾ ਰਿਹਾ ਹੈ ਜਾਂ ਨਹੀਂ, ਇਹ ਯਕੀਨੀ ਕਰਨ ਦਾ ਇੱਕ ਤਰੀਕਾ ਇਹ ਜਾਣਨਾ ਹੈ ਕਿ ਤੁਸੀਂ ਕੀ ਪ੍ਰਾਪਤ ਕਰਨ ਲਈ ਯੋਗ ਹੋ।**

ਸਟੇਟ ਆੱਫ਼ ਕੈਲੀਫ਼ੋਰਨੀਆ

ਹੈੱਲਥ ਐਂਡ ਹਯੂਮਨਸਰਵਿਸਿਜ਼ ਏਜੰਸੀ

ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼

ਇਹ ਪਰਕਾਸ਼ਨ ਵੱਡੇ ਪ੍ਰਿੰਟ ਅਤੇ ਤੁਹਾਡੀ ਕਾਉਂਟੀ ਦੁਆਰਾ ਬੇਨਤੀ ਕਰਨ 'ਤੇ ਔਡਿਓ ਟੇਪ 'ਤੇ ਵੀ ਉਪਲਬਧ ਹੈ।

ਜੇਕਰ ਤੁਸੀਂ ਅਪਾਹਜ ਹੋ ਅਤੇ ਤੁਹਾਨੂੰ ਸਹਾਇਤਾ, ਫ਼ਾਇਦੇ, ਅਤੇ ਸੇਵਾਵਾਂ ਲਈ ਅਰਜ਼ੀ ਦੇਣ ਜਾਂ ਪ੍ਰਾਪਤ ਕਰਦੇ ਰਹਿਣ 'ਚ ਮਦਦ ਦੀ ਲੋੜ ਹੈ ਤਾਂ ਤੁਹਾਨੂੰ ਕਾਉਂਟੀ ਨੂੰ ਦੱਸਣਾ ਚਾਹੀਦਾ ਹੈ।

PUB 13 (Punjabi) (3/10)

★ ★ ★ ★ ★ ★ ★ ★ ★ ★

ਜੇਕਰ ਤੁਸੀਂ

ਜੇਕਰ ਕਾਉਂਟੀ ਦੁਆਰਾ ਜਾਰੀ ਕੀਤੇ ਗਏ ਕਿਸੇ ਅਨੁਦਾਨ (ਆਮ ਸਹਾਇਤਾ/ਆਮ ਰਾਹਤ) ਦੇ ਸਬੰਧ 'ਚ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੀ ਸ਼ਿਕਾਇਤ ਹੱਲ ਕਰਨ ਲਈ ਤੁਹਾਨੂੰ ਕਾਉਂਟੀ ਕੋਲ ਬੇਨਤੀ ਦਰਜ ਕਰਨ ਦੀ ਲੋੜ ਹੈ।

ਜੇਕਰ ਪੂਰਕ ਸੁਰੱਖਿਆ ਆਮਦਨੀ/ਰਾਜਕੀ ਪੂਰਕ ਕਾਰਜਕ੍ਰਮ ਦੇ ਸਬੰਧ 'ਚ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਆਪਣੇ ਘਰ ਦੇ ਨੇੜੇ ਸਮਾਜਕ ਸੁਰਕ੍ਰਿਖਾ ਪਰਸ਼ਾਸਨ ਦੇ ਕਿਸੇ ਦਫ਼ਤਰ 'ਚ ਕਿਸੇ ਵਿਅਕਤੀ ਨਾਲ ਸਮੱਸਿਆ ਬਾਰੇ ਚਰਚਾ ਕਰਨੀ ਪਵੇਗੀ। ਸਮਾਜਕ ਸੁਰਕ੍ਰਿਖਾ ਪਰਸ਼ਾਸਨ ਸ਼ਿਕਾਇਤਾਂ ਦਾ ਵਰਤਾਰਾ ਕਰਦਾ ਹੈ ਅਤੇ ਬਜ਼ੁਰਗ, ਨੇਤਰਹੀਣ ਅਤੇ ਅਪਾਹਜ ਲੋਕਾਂ ਲਈ ਸਹਾਇਤਾ ਸਬੰਧੀ ਕਾਰਜਕ੍ਰਮਾਂ 'ਚ ਸੁਣਵਾਈਆਂ ਕਰਵਾਉਂਦਾ ਹੈ।

ਬਹੁ-ਭਾਸ਼ੀ ਸੇਵਾਵਾਂ

ਤੁਹਾਡੇ ਜਾਂ ਤੁਹਾਡੀ ਪਛਾਣ ਦੇ ਕਿਸੇ ਵਿਅਕਤੀ ਦੁਆਰਾ ਅੰਗ੍ਰੇਜ਼ੀ ਨਾ ਬੋਲ੍ਹਣ ਕਰਕੇ ਤੁਹਾਨੂੰ ਜਾਂ ਉਸ ਵਿਅਕਤੀ ਨੂੰ ਜਨਤੱਕ ਸਹਾਇਤਾ ਲਈ ਅਰਜ਼ੀ ਦੇਣ ਜਾਂ ਪ੍ਰਾਪਤ ਕਰਨ 'ਚ ਕੋਈ ਸਮੱਸਿਆ ਹੋਣ 'ਤੇ, ਆਪਣੀ ਭਾਸ਼ਾ ਬੋਲ੍ਹਣ ਵਾਲੇ ਕਿਸੇ ਵਿਅਕਤੀ ਤੋਂ ਮਦਦ ਦੀ ਮੰਗ ਕਰੋ। ਤੁਹਾਨੂੰ ਕਾਉਂਟੀ ਦੁਆਰਾ ਮੁਹੱਈਆ ਕੀਤੀਆਂ ਜਾਣ ਵਾਲੀਆਂ ਦੁਭਾਸ਼ੀਆ ਸੇਵਾਵਾਂ ਲੈਣ ਦਾ ਅਧਿਕਾਰ ਹੈ। ਜੇਕਰ ਤੁਹਾਡੇ ਕਾਉਂਟੀ ਵੈੱਲਫ਼ੇਅਰ ਦਫ਼ਤਰ 'ਚ ਇਹੋ ਜਿਹਾ ਕੋਈ ਕਰਮਚਾਰੀ ਨਹੀਂ ਹੈ ਜਿਸ ਨਾਲ ਤੁਸੀਂ ਗੱਲ ਕਰ ਸਕੋ, ਤਾਂ ਮਦਦ ਲਈ 1-866-741-6241 'ਤੇ ਫ਼ੋਨ ਕਰੋ। ਤੁਹਾਨੂੰ ਫ਼ੋਨ ਕਰਨ ਲਈ ਕੋਈ ਭੁਗਤਾਨ ਨਹੀਂ ਕਰਨਾ ਪਵੇਗਾ।

ਤੁਹਾਡੇ ਅਧਿਕਾਰ

ਕੈਲੀਫ਼ੋਰਲੀਆ 'ਚ ਜਨਤੱਕ ਸਹਾਇਤਾ ਲਈ ਬੇਨਤੀ ਕਰਨ ਵਾਲੇ ਜਾਂ ਪ੍ਰਾਪਤ ਕਰ ਰਹੇ ਵਿਅਕਤੀ ਦੇ ਤੌਰ 'ਤੇ ਤੁਹਾਡੇ ਇਹ ਅਧਿਕਾਰ ਹਨ:

- ★ **ਆਪਣੀ ਅਰਜ਼ੀ ਬਾਰੇ ਫ਼ੈਸਲੇ ਦਾ ਲਿਖ਼ਤ ਬਿਓਰਾ ਪ੍ਰਾਪਤ ਕਰਨਾ।**
- ★ **ਆਪਣੀ ਯੋਗਤਾ, ਫ਼ਾਇਦਿਆਂ ਜਾਂ ਸੇਵਾਵਾਂ ਸਬੰਧੀ ਯੋਜਨਾ 'ਚ ਕੋਈ ਬਦਲਾਵ ਹੋਣ 'ਤੇ ਲਿਖ਼ਤ ਬਿਓਰਾ ਪ੍ਰਾਪਤ ਕਰਨਾ।**
- ★ **ਆਪਣੀ ਯੋਗਤਾ, ਫ਼ਾਇਦਿਆਂ ਜਾਂ ਸੇਵਾਵਾਂ ਸਬੰਧੀ ਯੋਜਨਾ ਬਾਰੇ ਕਿਸੇ ਫ਼ੈਸਲੇ ਦੇ ਖਿਲਾਫ਼ ਅਪੀਲ ਕਰਨਾ।**
- ★ **ਕਾਉਂਟੀ ਨੂੰ ਆਪਣੀ ਯੋਗਤਾ ਦੇ ਸਬੰਧ 'ਚ ਦਿੱਤੀ ਗਈ ਕੋਈ ਜਾਣਕਾਰੀ ਵੇਖਣਾ। ਜੇਕਰ ਤੁਸੀਂ ਰਾਜਕੀ ਸੁਣਵਾਈ ਲਈ ਬੇਨਤੀ ਕਰਦੇ ਹੋ ਤਾਂ ਤੁਸੀਂ ਸੰਪੂਰਨ ਕੇਸ ਰਿਕਾਰਡ ਦੀ ਜਾਂਚ ਕਰ ਸਕਦੇ ਹੋ (ਇਸ ਬਰੋਸ਼ਰ ਦਾ ਤੁਸੀਂ ਕੀ ਕਰ ਸਕਦੇ ਹੋ ਭਾਗ ਵੇਖੋ)।**
- ★ **ਜੇਕਰ ਤੁਹਾਨੂੰ ਲੱਗਦਾ ਹੈ ਕਿ ਨਸਲ, ਰੰਗ, ਧਰਮ, ਲਿੰਗ, ਲਿੰਗੀ ਹਿਤ, ਰਾਸ਼ਟਰੀ ਮੂਲ, ਰਾਜਨੀਤਕ ਵਿਚਾਰਾਂ, ਅਪਾਹਜਤਾ, ਵਿਵਾਹਕ ਸਥਿਤੀ ਜਾਂ ਉਮਰ ਦੇ ਅਧਾਰ 'ਤੇ ਤੁਹਾਡੇ ਨਾਲ ਭੇਦ ਭਾਵ ਕੀਤਾ ਗਿਆ ਹੈ ਤਾਂ ਸ਼ਿਕਾਇਤ ਦਰਜ ਕਰਨਾ।**
- ★ **ਨਿਮਰਤਾ, ਲਿਹਾਜ਼ ਅਤੇ ਸਨਮਾਨ ਪੂਰਨ ਵਿਹਾਰ ਕੀਤਾ ਜਾਣਾ।**
- ★ **ਨਸਲ, ਰੰਗ, ਧਰਮ, ਲਿੰਗ, ਲਿੰਗੀ ਹਿਤ, ਰਾਸ਼ਟਰੀ ਮੂਲ, ਰਾਜਨੀਤਕ ਵਿਚਾਰਾਂ, ਅਪਾਹਜਤਾ, ਵਿਵਾਹਕ ਸਥਿਤੀ ਜਾਂ ਉਮਰ 'ਤੇ ਧਿਆਨ ਦਿੱਤੇ ਬਿਨਾਂ ਹੋਰ ਸਭ ਬਿਨੈਕਾਰਾਂ ਜਾਂ ਪ੍ਰਾਪਤਕਰਤਾਵਾਂ ਵਾਂਗ ਲਿਹਾਜ਼ ਅਤੇ ਵਿਹਾਰ ਕੀਤਾ ਜਾਣਾ।**
- ★ **ਰਾਜਕੀ ਜਾਂ ਸੰਘੀ ਕਨੂੰਨਾਂ ਦੇ ਕਿਸੇ ਹੋਰ ਨਿਰਦੇਸ਼ ਤੋਂ ਇਲਾਵਾ ਆਪਣੇ ਕੇਸ ਰਿਕਾਰਡ 'ਚ ਮੌਜੂਦ ਜਾਣਕਾਰੀ ਗੁਪਤ ਰਕ੍ਖਵਾਉਣਾ।**
- ★ **ਵਿਅਕਤਕ ਗੁਪਤਤਾ ਰਕ੍ਖਣਾ। ਹਾਲਾਂਕਿ, ਤੁਹਾਡੀ ਯੋਗਤਾ ਅਤੇ ਜਨਤੱਕ ਸਹਾਇਤਾ ਦੀ ਜ਼ਰੂਰਤ ਨਿਰਧਾਰਤ ਕਰਨ ਲਈ ਕੁਝ ਖਾਸ ਨਿੱਜੀ ਜਾਣਕਾਰੀ ਦੀ ਲੋੜ ਹੁੰਦੀ ਹੈ।**

ਜਨਤੱਕ ਸਹਾਇਤਾ ਲਈ ਬੇਨਤੀ ਕਰਦੇ ਹੋਏ ਜਾਂ ਪ੍ਰਾਪਤ ਕਰਦੇ ਹੋਏ, ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟਸ, ਬੋਰਡਿੰਗ ਹੋਮਜ਼ ਅਤੇ ਸੰਸਥਾਵਾਂ, ਡੇ ਨਰਸਰੀਜ਼, ਨੌਕਰੀ ਜਾਂ ਪਰਸ਼ਿੱਕਸ਼ਣ ਕਾਰਜਕ੍ਰਮ ਦੇ ਕਰਮਚਾਰੀਆਂ, ਹਸਪਤਾਲਾਂ, ਨਰਸਿੰਗ ਹੋਮਜ਼, ਡਾਕਟਰਾਂ, ਡੈਂਟਿਸਟਸ ਅਤੇ ਦਵਾਈ ਵਿਕਰੇਤਾਵਾਂ ਸਮੇਤ, ਸਭ ਵਿਅਕਤੀਆਂ ਅਤੇ ਸੰਗਠਨਾਂ ਦੁਆਰਾ ਤੁਹਾਡੇ ਅਧਿਕਾਰਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।

ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼ (ਸੀ.ਡੀ.ਐੱਸ.ਐੱਸ.) 'ਚ ਇੱਕ ਟੈਲੀਕਮਯੁਨਿਕੇਸ਼ਨ ਡਿਵਾਇਸ ਫ਼ੋਰ ਦਿ ਡੈੱਫ਼ (ਟੀ.ਡੀ.ਡੀ.) ਉਪਲਬਧ ਹੈ। ਜੇਕਰ ਜਨਤੱਕ ਸਹਾਇਤਾ ਸੇਵਾਵਾਂ ਬਾਰੇ ਤੁਹਾਡੀ ਕੋਈ ਸ਼ਿਕਾਇਤ ਹੈ, ਤਾਂ ਟੀ.ਡੀ.ਡੀ. ਦੀ ਵਰਤੋਂ ਰਾਹੀਂ ਇਤ੍ਥੇ ਮੁਫ਼ਤ ਫ਼ੋਨ ਕਰਕੇ ਤੁਸੀਂ ਸਾਨੂੰ ਸੰਪਰਕ ਕਰ ਸਕਦੇ ਹੋ 1-800-952-8349.

ਤੁਸੀਂ ਕੀ ਕਰ ਸਕਦੇ ਹੋ

ਜੇਕਰ ਆਪਣੀ ਅਰਜ਼ੀ 'ਤੇ ਕੀਤੀ ਗਈ ਕਾਰਵਾਈ, ਜਨਤੱਕ ਸਹਾਇਤਾ ਸਬੰਧੀ ਫ਼ਾਇਦਿਆਂ ਜਾਂ ਸੇਵਾ ਯੋਜਨਾ ਨਾਲ ਤੁਸੀਂ ਸਹਿਮਤ ਨਹੀਂ ਹੋ, ਤਾਂ ਤੁਸੀਂ ਹੇਠ ਦਿੱਤੇ ਗਏ ਕਦਮਾਂ 'ਚੋਂ ਕੋਈ ਇੱਕ ਜਾਂ ਸਭ ਚੁੱਕ ਸਕਦੇ ਹੋ।

1. ਆਪਣੇ ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ 'ਚ ਕਿਸੇ ਵਿਅਕਤੀ ਨਾਲ ਗੱਲ ਕਰੋ। ਆਪਣੀ ਅਸਹਿਮਤੀ ਦਾ ਬਿਓਰਾ ਦਿਓ ਅਤੇ ਮਦਦ ਦੀ ਮੰਗ ਕਰੋ।
2. ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼ 'ਚ ਕਾਉਂਟੀ ਦੇ ਖਿਲਾਫ਼ ਔਪਚਾਰਕ ਸ਼ਿਕਾਇਤ ਦਰਜ ਕਰੋ। ਇੰਜ ਕਰਨ ਲਈ, ਮੁਫ਼ਤ ਫ਼ੋਨ ਕਰੋ ਜਾਂ ਲਿਖ਼ੋ:

   Public Inquiry and Response
   P.O. Box 944243, M.S. 6-23
   Sacramento, California 94244-2430
   ਫ਼ੋਨ ਨੰਬਰ **1-800-952-5253 (Voz)**
   1-800-952-8349 (TDD)
   FAX 1-916-229-4110

   ਇਹ ਬਿਆਨ ਦਿਓ ਕਿ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਮੱਸਿਆ ਦਾ ਵਰਤਾਰਾ ਇੱਕ ਸ਼ਿਕਾਇਤ ਦੇ ਰੂਪ 'ਚ ਕੀਤਾ ਜਾਵੇ ਅਤੇ ਸ਼ਿਕਾਇਤ ਦਾ ਕਾਰਨ ਦੱਸੋ। ਸੋਸ਼ਲ ਸਰਵਿਸਿਜ਼ ਸ਼ਿਕਾਇਤ ਬਾਰੇ ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ ਨੂੰ ਸੂਚਤ ਕਰੇਗੀ, ਅਤੇ ਫਿਰ ਕਾਉਂਟੀ ਤੁਹਾਡੇ ਦਾਵੇ 'ਚ ਤਤ੍ਥਾਂ ਦੀ ਸਮੀਖਿਆ ਕਰੇਗੀ। ਜੇਕਰ ਕਾਉਂਟੀ ਇਹ ਨਿਰਧਾਰਤ ਕਰਦੀ ਹੈ ਕਿ ਤੁਸੀਂ ਕਿਸੇ ਸਮਝੌਤੇ ਲਈ ਯੋਗ ਹੋ, ਤਾਂ ਤੁਹਾਡੇ ਵੱਲੋਂ ਜਾਂ ਸੋਸ਼ਲ ਸਰਵਿਸਿਜ਼ ਵੱਲੋਂ ਕਿਸੇ ਹੋਰ ਕਾਰਵਾਈ ਤੋਂ ਬਿਨਾਂ ਤੁਹਾਡੀ ਸ਼ਿਕਾਇਤ ਹੱਲ ਹੋ ਸਕਦੀ ਹੈ।
3. ਕਿਸੇ ਐੱਡਮਿਨਿਸਟ੍ਰੇਟਿਵ ਲੱਾ ਜੱਜ ਦੇ ਸਾਹਮਣੇ ਰਾਜਕੀ ਸੁਣਵਾਈ ਲਈ ਬੇਨਤੀ ਕਰੋ।
   ਤੁਹਾਨੂੰ ਕਾਉਂਟੀ ਵੱਲੋਂ ਕਾਰਵਾਈ ਤੋਂ ਬਾਅਦ 90 ਦਿਨਾਂ (ਤਿੰਨ ਮਹੀਨੇ ਨਹੀਂ) ਦੇ ਅੰਦਰ ਰਾਜਕੀ ਸੁਣਵਾਈ ਲਈ ਬੇਨਤੀ ਕਰਨੀ ਪਵੇਗੀ। 90-ਦਿਨਾਂ ਦੀ ਅਵਧੀ ਤੁਹਾਡੇ ਦੁਆਰਾ ਸ਼ਿਕਾਇਤ ਦਰਜ ਕਰਨ 'ਤੇ ਵੀ ਲਾਗੂ ਹੁੰਦੀ ਹੈ। 90-ਦਿਨਾਂ ਦੀ ਅਵਧੀ ਕਾਉਂਟੀ ਦੁਆਰਾ ਤੁਹਾਨੂੰ ਡਾਕ ਰਾਹੀਂ ਕਾਰਵਾਈ ਦੀ ਸੂਚਨਾ ਭੇਜਣ 'ਤੇ ਹੀ ਸ਼ੁਰੂ ਹੋ ਜਾਂਦੀ ਹੈ।

   ਜੇਕਰ ਤੁਸੀਂ ਇਸ ਲਈ ਰਾਜਕੀ ਸੁਣਵਾਈ ਦੀ ਮੰਗ ਕਰਨ ਦਾ ਫ਼ੈਸਲਾ ਕਰਦੇ ਹੋ ਕਿ ਤੁਹਾਡੀ ਸਹਾਇਤਾ ਘੱਟ ਜਾਂ ਬੰਦ ਹੋ ਜਾਵੇਗੀ, **ਤਾਂ ਕਾਰਵਾਈ ਦੀ ਪਰਵਾਵੀ ਮਿਤੀ ਤੋਂ ਪਹਿਲਾਂ ਬੇਨਤੀ ਕਰਨ 'ਤੇ ਤੁਹਾਨੂੰ ਸੁਣਵਾਈ ਤਕ ਪ੍ਰਾਪਤ ਹੋਣ ਵਾਲੀ ਸਹਾਇਤਾ ਹੀ ਪ੍ਰਾਪਤ ਹੁੰਦੀ ਰਹੇਗੀ। ਤੁਹਾਡੀ ਮੌਜੂਦਾ ਪ੍ਰਮਾਣੀਕਰਨ ਅਵਧੀ ਦੇ ਅੰਤ ਤਕ ਤੁਹਾਡੀਆਂ ਫ਼ੂਡ ਸਟੈਂਪਸ ਕਿਸੇ ਬਦਲਾਵ ਤੋਂ ਬਿਨਾਂ ਜਾਰੀ ਰਹਿ ਸਕਦੀਆਂ ਹਨ। ਜੇਕਰ ਸੁਣਵਾਈ ਦਾ ਫ਼ੈਸਲਾ ਤੁਹਾਡੇ ਹੱਕ 'ਚ ਨਹੀਂ ਹੈ, ਤਾਂ ਸੁਣਵਾਈ ਲੰਬਤ ਰਹਿਣ ਤਕ ਤੁਹਾਨੂੰ ਪ੍ਰਾਪਤ ਹੋਈ ਵਾਧੂ ਨਕਦ ਸਹਾਇਤਾ ਅਤੇ ਫ਼ੂਡ ਸਟੈਂਪਸ ਦੇ ਅਤਿਰਿਕਤ ਮੁੱਲ ਦੇ ਬਰਾਬਰ ਰਕਮ ਦਾ ਵਾਧੂ ਭੁਗਤਾਨ ਹੋ ਸਕਦਾ ਹੈ।**

   ਅਤੇ, ਐੱਡਮਿਨਿਸਟ੍ਰੇਟਿਵ ਲੱਾ ਜੱਜ ਨੂੰ ਵਿਖਾਉਣ ਲਈ ਕਾਰਵਾਈ ਦੀ ਸੂਚਨਾ ਦਾ ਲਿਫ਼ਾਫ਼ਾ ਸਾਂਭ ਕੇ ਰੱਖਣਾ ਚੰਗਾ ਹੁੰਦਾ ਹੈ। ਮਿਤੀ ਮਹੱਤਵਪੂਰਨ ਹੈ।

   ਰਾਜਕੀ ਸੁਣਵਾਈ ਲਈ ਬੇਨਤੀ ਕਰਨ ਲਈ, ਕਾਰਵਾਈ ਦੀ ਸੂਚਨਾ ਦੇ ਫ਼ਾਰਮ ਦੇ ਪਿਚ੍ਛਲੇ ਪਾਸੇ ਰਾਜਕੀ ਸੁਣਵਾਈ ਲਈ ਬੇਨਤੀ ਦੀ ਥਾਂ ਭਰੋ।ਜੇਕਰ ਤੁਹਾਨੂੰ ਅੰਗ੍ਰੇਜ਼ੀ ਸਮਝਣ 'ਚ ਮੁਸ਼ਕਲ ਹੁੰਦੀ ਹੈ, ਤਾਂ ਸਾਨੂੰ ਆਪਣੀ ਭਾਸ਼ਾ ਅਤੇ ਬੋਲੀ ਦੱਸੋ।ਤੁਸੀਂ ਕਾਉਂਟੇ ਦੀ ਉਸ ਕਾਰਵਾਈ, ਜੋ ਤੁਹਾਡੇ ਮੁਤਾਬਕ ਗਲਤ ਹੈ, ਦਾ ਬਿਓਰਾ ਅਤੇ ਭਾਸ਼ਾ 'ਚ ਮਦਦ ਲਈ ਆਪਣੀ ਜ਼ਰੂਰਤ ਬਾਰੇ ਜਾਣਕਾਰੀ ਦਿੰਦੇ ਹੋਏ ਇੱਕ ਪੱਤਰ ਲਿਖ਼ ਸਕਦੇ ਹੋ। ਕਾਰਵਾਈ ਦੀ ਸੂਚਨਾ 'ਤੇ ਦਰਸ਼ਾਏ ਗਏ ਪਤੇ 'ਤੇ ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ ਨੂੰ ਸੁਣਵਾਈ ਲਈ ਆਪਣੀ ਬੇਨਤੀ ਭੇਜੋ।

ਰਾਜਕੀ ਸੁਣਵਾਈ ਲਈ ਬੇਨਤੀ ਮੌਖਕ ਤੌਰ 'ਤੇ ਵੀ ਕੀਤੀ ਜਾ ਸਕਦੀ ਹੈ। 1-800-952-5253 'ਤੇ ਮੁਫ਼ਤ ਨੰਬਰ 'ਤੇ ਟੈਲੀਫ਼ੋਨ ਕਰ ਕੇ ਇੰਜ ਕੀਤਾ ਜਾ ਸਕਦਾ ਹੈ ਜਾਂ ਜੇਕਰ ਤੁਹਾਨੂੰ ਸੁਣਨ ਦੀ ਤਕਲੀਫ਼ ਹੈ ਤਾਂ 1-800-952-8349 (ਟੀ.ਡੀ.ਡੀ.) 'ਤੇ ਫ਼ੋਨ ਕਰੋ।

ਰਾਜਕੀ ਸੁਣਵਾਈਆਂ

ਇਹ ਤੁਹਾਡੇ, ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼ ਇੱਕ ਐੱਡਮਿਨਿਸਟ੍ਰੇਟਿਵ ਲੱਾ ਜੱਜ, ਅਤੇ ਕਾਉਂਟੀ ਦੇ ਇੱਕ ਨੁਮਾਇੰਦੇ ਨਾਲ ਹੋਣ ਵਾਲੀ ਸੁਣਵਾਈ ਹੈ। ਇਹ ਇੱਕ ਅਦਾਲਤੀ ਸੁਣਵਾਈ ਨਹੀਂ ਹੈ। ਜੇਕਰ ਤੁਸੀਂ ਚਾਹੋ, ਤਾਂ ਤੁਹਾਡੇ ਨਾਲ ਕੋਈ ਵਕੀਲ ਜਾਂ ਕੋਈ ਹੋਰ ਨੁਮਾਇੰਦਾ ਮੌਜੂਦ ਹੋ ਸਕਦਾ ਹੈ।ਤੁਸੀਂ ਗਵਾਹ ਲਿਆ ਸਕਦੇ ਹੋ। ਐੱਡਮਿਨਿਸਟ੍ਰੇਟਿਵ ਲੱਾ ਜੱਜ ਇਸ ਸੁਣਵਾਈ, ਜੋ ਜਨਤੱਕ ਨਹੀਂ ਹੈ, ਦੇ ਪ੍ਰਮੁਕ੍ਖ ਹਨ।

ਸੁਣਵਾਈ ਦਾ ਸਮਾਂ ਅਤੇ ਅਸਥਾਨ

ਤੁਹਾਡੀ ਸੁਣਵਾਈ ਤੋਂ ਘੱਟੋ-ਘੱਟ 10 ਦਿਨ ਪਹਿਲਾਂ, ਕੈਲੀਫ਼ੋਰਨੀਆ ਡਿਪਾਰਟਮੈਂਟ ਆੱਫ਼ ਸੋਸ਼ਲ ਸਰਵਿਸਿਜ਼ ਤੁਹਾਨੂੰ ਸੁਣਵਾਈ ਦੀ ਨਿਸ਼ਚਤ ਮਿਤੀ ਅਤੇ ਅਸਥਾਨ ਦੀ ਜਾਣਕਾਰੀ ਸਮੇਤ ਇੱਕ ਪੱਤਰ ਭੇਜੇਗਾ।ਕੁਝ ਕਾਉਂਟੀਆਂ 'ਚ, ਤੁਹਾਨੂੰ ਸੁਣਵਾਈ ਦਾ ਨਿਸ਼ਚਤ ਸਮਾਂ ਵੀ ਦੱਸਿਆ ਜਾਵੇਗਾ ਜੂਜੀਆਂ ਕਾਉਂਟੀਆਂ 'ਚ, ਤੁਹਾਡੇ ਲਈ ਸਵੇਰੇ ਜਾਂ ਦੁਪਹਿਰ ਦਾ ਕੋਈ ਸਮਾਂ ਨੀਯਤ ਕੀਤਾ ਜਾਵੇਗਾ। ਜ਼ਿਆਦਾਤਰ ਸੁਣਵਾਈਆਂ ਸਵੇਰੇ 8:30 ਵਜੇ ਜਾਂ ਦੁਪਹਿਰ 1:00 ਵਜੇ ਸ਼ੁਰੂ ਹੋਣਗੀਆਂ। ਇਨ੍ਹਾਂ ਸਮਿਆਂ 'ਤੇ ਕਈ ਸੁਣਵਾਈਆਂ ਦੀ ਸ਼ੁਰੂਆਤ ਨੀਯਤ ਹੋਣ ਕਰਕੇ, ਤੁਹਾਨੂੰ ਪੂਰਵ ਅਨੁਮਾਨ ਲਗਾਉਣਾ ਪਵੇਗਾ ਕਿ ਅਸਲ 'ਚ ਤੁਹਾਡੀ ਸੁਣਵਾਈ ਸ਼ੁਰੂ ਹੋਣ 'ਚ ਕੁਝ ਦੇਰ ਹੋ ਸਕਦੀ ਹੈ। ਸੁਣਵਾਈ ਦੀ ਥਾਂ 'ਤੇ ਕੋਈ ਬਾਲ ਦੇਖਭਾਲ ਮੁਹੱਈਆ ਨਹੀਂ ਕੀਤੀ ਜਾਂਦੀ।

ਆਮਤੌਰ 'ਤੇ ਸੁਣਵਾਈਆਂ ਕਾਉਂਟੀ 'ਚ ਜਨਤੱਕ ਇਮਾਰਤਾਂ 'ਚ ਹੁੰਦੀਆਂ ਹਨ। ਜੇਕਰ ਤੁਸੀਂ ਖਰਾਬ ਸਿਹਤ ਜਾਂ ਅਪਾਹਜਤਾ ਕਰਕੇ ਸੁਣਵਾਈ ਦੀ ਥਾਂ 'ਤੇ ਸੁਣਵਾਈ 'ਚ ਹਾਜ਼ਰ ਹੋਣ 'ਚ ਅਸਮਰਤ੍ਥ ਹੋ, ਤਾਂ ਸੁਣਵਾਈ ਤੁਹਾਡੇ ਘਰ 'ਚ, ਕਿਸੇ ਹੋਰ ਸਹਿਮਤ ਥਾਂ 'ਤੇ, ਜਾਂ ਤੁਹਾਡੀ ਮਨਜ਼ੂਰੀ ਨਾਲ ਟੈਲੀਫ਼ੋਨ ਰਾਹੀਂ ਕੀਤੀ ਜਾ ਸਕਦੀ ਹੈ। ਘਰ 'ਚ ਸੁਣਵਾਈ ਕਰਵਾਉਣ ਲਈ, ਚਿਕਿਤਸੀ ਤਸਦੀਕ ਦੀ ਲੋੜ ਹੋ ਸਕਦੀ ਹੈ।ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਘਰ 'ਚ ਸੁਣਵਾਈ ਕਰਵਾਉਣ ਲਈ ਯੋਗ ਹੋ ਸਕਦੇ ਹੋ ਜਾਂ ਟੈਲੀਫ਼ੋਨ ਰਾਹੀਂ ਸੁਣਵਾਈ ਕਰਵਾਉਣਾ ਚਾਹੁੰਦੇ ਹੋ, ਤਾਂ ਆਪਣਾ(ਣੇ) ਕਾਰਨ ਦੱਸਣ ਲਈ ਰਾਜਕੀ ਸੁਣਵਾਈ ਡਿਵਿਜ਼ਨ ਨੂੰ ਫ਼ੋਨ ਕਰੋ ਜਾਂ ਲਿਖ਼ੋ:

State Hearings Division
P.O. Box 944243 MS 19-37
Sacramento, CA 94244-2430

1-800-743-8525

ਜੇਕਰ ਰਾਜਕੀ ਸੁਣਵਾਈ ਲਈ ਬੇਨਤੀ ਕਰਨ ਤੋਂ ਬਾਅਦ ਪਰ ਸੁਣਵਾਈ ਹੋਣ ਜਾਂ ਫ਼ੈਸਲਾ ਆਉਣ ਤੋਂ ਪਹਿਲਾਂ ਸਥਾਨਅੰਤਰਨ ਕਰਦੇ ਹੋ, ਤਾਂ ਤੁਹਾਨੂੰ 1-800-743-8525 (ਅਵਾਜ਼/ਟੀ.ਡੀ.ਡੀ.) 'ਤੇ ਮੁਫ਼ਤ ਫ਼ੋਨ ਕਰ ਕੇ ਰਾਜਕੀ ਸੁਣਵਾਈ ਡਿਵਿਜ਼ਨ ਨੂੰ ਆਪਣੇ ਨਵੇਂ ਪਤੇ ਦੀ ਜਾਣਕਾਰੀ ਦੇਣੀ ਪਵੇਗੀ।

ਜੇਕਰ ਤੁਸੀਂ ਹੁਣ ਕੈਲੀਫ਼ੋਰਨੀਆ ਰਾਜ ਦੇ ਨਿਵਾਸੀ ਨਹੀਂ ਹੋ, ਤਾਂ ਟੈਲੀਫ਼ੋਨ ਰਾਹੀਂ ਤੁਹਾਡੀ ਸੁਣਵਾਈ ਕਰਵਾਉਣ ਦੀ ਵਿਵਸਥਾ ਕੀਤੀ ਜਾਵੇਗੀ। ਸੁਣਵਾਈ ਤੋਂ ਪਹਿਲਾਂ ਤੁਹਾਨੂੰ ਟੈਲੀਫ਼ੋਨ ਰਾਹੀਂ ਸੁਣਵਾਈ ਸਬੰਧੀ ਪਰਕਿਰਿਆਵਾਂ ਬਾਰੇ ਹਿਦਾਇਤਾਂ ਭੇਜੀਆਂ ਜਾਣਗੀਆਂ।

ਸਥਿਤੀ ਕਥਨ

ਤੁਹਾਨੂੰ ਸੁਣਵਾਈ ਤੋਂ ਪਹਿਲਾਂ ਕਾਉਂਟੀ ਦੇ ਟਾਈਪ ਕੀਤੇ ਗਏ ਸਥਿਤੀ ਕਥਨ ਦੀ ਨਕਲ ਪ੍ਰਾਪਤ ਕਰਨ ਦੀ ਇਜਾਜ਼ਤ ਹੈ। ਇਹ ਇੱਕ ਟਾਈਪ ਕੀਤਾ ਗਿਆ ਕਥਨ ਹੁੰਦਾ ਹੈ ਜਿਸ 'ਚ ਇਸ ਬਾਰੇ ਕਿ ਕਾਉਂਟੀ ਨੇ ਕੀ ਕੀਤਾ ਹੈ ਅਤੇ ਕਾਉਂਟੀ ਦੀ ਕਾਰਵਾਈ ਦੇ ਕਾਰਨਾਂ ਬਾਰੇ ਜਾਣਕਾਰੀ ਮੌਜੂਦ ਹੁੰਦੀ ਹੈ। ਜਦੋਂ ਤਕ ਕਾਉਂਟੀ ਸੁਣਵਾਈ 'ਚ ਸ਼ਾਮਲ ਨਾ ਹੋਵੇ, ਆਪਣੀ ਸੁਣਵਾਈ ਦੀ ਮਿਤੀ ਤੋਂ ਪਹਿਲਾਂ ਦੋ ਕਾਰਜੀ ਦਿਨਾਂ 'ਚ ਕਾਰਜੀ ਪੰਟਿਆਂ ਦੇ ਦੌਰਾਨ ਕਦੇ ਵੀ ਤੁਸੀਂ ਇਹ ਕਥਨ ਲੈ ਸਕਦੇ ਹੋ। ਇਹ ਯਕੀਨੀ ਕਰਨ ਲਈ ਤੁਸੀਂ ਆਪਣੀ ਕਾਉਂਟੀ ਦੇ ਅਪੀਲ ਯੂਨਿਟ ਨੂੰ ਫ਼ੋਨ ਕਰ ਸਕਦੇ ਹੋ ਕਿ ਇਹ ਦਸਤਾਵੇਜ਼ ਤਿਆਰ ਹੋਣ।

ਜੇਕਰ ਦਸਤਾਵੇਜ਼ ਤਿਆਰ ਨਾ ਹੋਣ, ਜਾਂ ਜੇਕਰ ਤੁਹਾਨੂੰ ਦਸਤਾਵੇਜ਼ ਦੇਣ ਤੋਂ ਬਾਅਦ ਕਾਉਂਟੀ ਉਨ੍ਹਾਂ 'ਚ ਮਹੱਤਵਪੂਰਨ ਬਦਲਾਵ ਕਰਦੀ ਹੈ, ਤਾਂ ਤੁਹਾਨੂੰ ਸ਼ਰਤੀਆ ਸੁਣਵਾਈ ਮੁਲਤਵੀ ਕਰਵਾਉਣ ਦਾ ਅਧਿਕਾਰ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਡੀ ਸੁਣਵਾਈ ਦੁਬਾਰਾ ਨੀਯਤ ਕੀਤੀ ਜਾਵੇਗੀ ਅਤੇ ਸੁਣਵਾਈ ਕਰਕੇ ਕੋਈ ਲੰਬਤ ਸਹਾਇਤਾ ਜਾਰੀ ਰਹੇਗੀ। ਤੁਸੀਂ ਕਾਉਂਟੀ ਵੈੱਲਫ਼ੇਅਰ ਡਿਪਾਰਟਮੈਂਟ 'ਚ ਅਪੀਲਸ ਵਰਕਰ ਤੋਂ ਕਥਨ ਲੈ ਸਕਦੇ ਹੋ।

ਸੁਣਵਾਈ 'ਚ